# ਭਾਗ 3:
# ਸਾਡੇ ਨਾਲ ਖ਼ੁਦਾ ਦਾ ਸੰਬੰਧ

ਪਹਿਲੇ ਭਾਗ ''ਖ਼ੁਦਾ ਦੀ ਅਸੀਮਿਤਤਾ'' ਵਿਚ ਖ਼ੁਦਾ ਦੀ ਵਿਆਪਕਤਾ ਤੇ ਜ਼ੋਰ ਦਿੱਤਾ ਗਿਆ ਸੀ। ਅਸੀਂ ਉਸਦੇ, ਸਰਬਵਿਆਪੀ, ਸਰਬਗਿਆਨੀ ਅਤੇ ਸਰਬ ਸ਼ਕਤਮਾਨ ਹੋਣ ਤੇ ਵਿਚਾਰ ਕੀਤਾ ਸੀ। ਜੇ ਅਸੀਂ ਸਿਰਫ ਖ਼ੁਦਾ ਦੁਨਿਆਵੀ ਨਜ਼ਰੀਏ ਨਾਲ ਹੀ ਵੇਖੀਏ, ਤਾਂ ਸਾਡੇ ਲਈ ਇਹ ਸਮਝਣਾ ਮੁਸ਼ਕਿਲ ਹੋ ਜਾਏ ਕਿ ਉਹ ਸੰਸਾਰ ਵਿਚ ਸਾਡੇ ਵਰਗੇ ਛੋਟੇ ਜਿਹੇ ਤਿਨਕਿਆਂ ਨਾਲ ਸਬੰਧ ਕਿਉਂ ਬਨਾਉਣਾ ਚਾਹੁੰਦਾ ਹੈ।

ਦੂਜੇ ਭਾਗ ਵਿਚ ''ਸਾਡੇ ਲਈ ਖ਼ੁਦਾ ਦਾ ਸੰਦਰਭ'' ਵਿਚ ਅਸੀਂ ਉਸ ਨੂੰ ਸਿਰਜਣਹਾਰ ਦੇ ਰੂਪ ਵਿਚ ਅਤੇ ਆਪਣੇ ਆਪ ਨੂੰ ਉਹਦੇ ਰਚੇ ਹੋਏ ਸੰਸਾਰ ਵਿਚ ਜੀਵਾਂ ਦੇ ਰੂਪ ਵਿਚ ਵੇਖਿਆ ਸੀ। ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਖ਼ੁਦਾ ਇਤਿਹਾਸ ਵਿਚ ਇਕ ਨਾਟਕੀ ਭੂਮਿਕਾ ਨਿਭਾਉਂਦਾ ਹੈ ਅਤੇ ਅਸੀਂ ਉਸ ਇਤਿਹਾਸਕ ਨਾਟਕ ਦੇ ਭਾਗ ਅਰਥਾਤ ਪਾਤਰ ਹਾਂ। ਫਿਰ ਅਸੀਂ ਧਿਆਨ ਦਿੱਤਾ ਕਿ ਖ਼ੁਦਾ ਇਤਿਹਾਸ ਵਿਚ ਇਕ ਨਾਟਕੀ ਭੂਮਿਕਾ ਨਿਭਾਉਂਦਾ ਹੈ ਅਤੇ ਅਸੀਂ ਉਸ ਇਤਿਹਾਸਕ ਨਾਟਕ ਦੇ ਭਾਗ ਅਰਥਾਤ ਪਾਤਰ ਹਾਂ। ਫਿਰ ਅਸੀਂ ਧਿਆਨ ਦਿੱਤਾ ਕਿ ਖ਼ੁਦਾ ਦਾ ਸਭ ਤੋਂ ਵੱਡਾ ਗੁਣ ਉਹਦੀ ਪਵਿੱਤਰਤਾ ਹੈ। ਇਸ ਲਈ, ਉਹਦੀ ਰਚਨਾ ਵਿਚ ਇਕ ਨੈਤਿਕ ਗੁਣ ਹੈ। ਉਹਦ ਇਤਿਹਾਸ ਜੋ ਉਹਦੇ ਪਹਿਲਾਂ ਪ੍ਰਬੰਧ ਦੀ ਯੋਜਨਾ ਨਾਲ ਸੰਸਾਰ ਵਿਚ ਕੰਮ ਕਰ ਰਿਹਾ ਹੈ, ਇਕ ਨਿਸ਼ਚਿਤ *telos* ਜਾਂ ਆਖਰੀ ਨਿਸ਼ਾਨੇ ਦੇ ਨਾਲ ਨੈਤਿਕ ਦਬਾਓ ਰੱਖਦਾ ਹੈ। ਉਹ ਸਾਡੇ ਨਾਲ ਉਸ *telos* ਵੱਲ ਵਧਣ ਦੇ ਲਈ ਨੈਤਿਕ ਮਾਰਚ ਵਿਚ ਹਿਸਾ ਲੈਣ ਦੀ ਉਮੀਦ ਕਰਦਾ ਹੈ। ਸਾਨੂੰ ਇਸ ਦੌੜ ਨੂੰ ਸਫਲਤਾ ਨਾਲ ਪੂਰਾ ਕਰਨ ਦੇ ਲਈ ਉਹਦੀ ਸਹਾਇਤਾ, ਉਤਸ਼ਾਹ ਅਤੇ ਪਿਆਰ ਦੀ ਲੋੜ ਹੈ। ਇਸ ਲਈ ਆਉ ਖ਼ੁਦਾ ਦੇ ਨਾਲ ਆਪਣੇ ਸੰਬੰਧ ਅਤੇ ਉਸ ਖੁਦਾਈ ਮਦਦ ਜੋ ਉਹ ਸਾਨੂੰ ਦੇਂਦਾ ਹੈ, ਸਮੀਖਿਆ ਕਰੀਏ।

> ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ (2 ਤਿਮੋਥਿਉਸ 3:16, 17)।
>
> ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਸਾਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ (2 ਪਤਰਸ 1:20, 21)।
>
> ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਸ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ, ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ

ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹਦੇ ਰਾਹੀਂ ਬਚਾਇਆ ਜਾਵੇ। ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ, ਉਹ ਦੋਸ਼ੀ ਠਹਿਰ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ। ਅਤੇ ਦੋਸ਼ੀ ਠਹਿਰਣ ਦਾ ਇਹ ਕਾਰਣ ਹੈ ਕਿ ਚਾਨਣ ਜਗਤ ਵਿਚ ਆਇਆ ਅਤੇ ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਹਨੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ। ਹਰੇਕ ਜੋ ਮੰਦੇ ਕੰਮ ਕਰਦਾ ਹੈ ਸੋ ਚਾਨਣ ਨਾਲ ਵੈਰ ਰੱਖਦਾ ਹੈ ਅਤੇ ਚਾਨਣ ਕੋਲ ਨਹੀਂ ਆਉਂਦਾ ਕਿਤੇ ਐਉਂ ਨਾ ਹੋਵੇ ਜੋ ਉਹਦੇ ਕੰਮ ਜ਼ਾਹਰ ਹੋਣ। ਪਰ ਜਿਹੜਾ ਸਤ ਕਰਦਾ ਹੈ ਉਹ ਚਾਨਣ ਕੋਲ ਆਉਂਦਾ ਹੈ ਇਸ ਲਈ ਜੋ ਉਹਦੇ ਕੰਮ ਪ੍ਰਗਟ ਹੋਣ ਭਈ ਉਹ ਖ਼ੁਦਾ ਵਿਚ ਕੀਤੇ ਹੋਏ ਹਨ (ਯੂਹੰਨਾ 3:16-21)।